361134
30.6.22

FP
30/6/2022

DD(IT)
30/6/22

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜ੍ਹਕਾਂ -1 ਸ਼ਾਖਾ)

**ਹੁਕਮ**

SA

ਪ੍ਰਬੰਧਕੀ ਜਰੂਰਤਾ ਅਤੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਸ੍ਰੀ ਰਜਿੰਦਰ ਸਿੰਘ ਬੇਦੀ, ਉਪ ਮੰਡਲ ਇੰਜੀਨੀਅਰ (ਸਿਵਲ) ਜੋ ਕਿ ਉੱਪ ਮੰਡਲ ਇੰਜੀਨੀਅਰ –ਕਮ-ਪੀ.ਏ.ਟੂ ਐਸ.ਸੀ ਦੀ ਅਸਾਮੀ ਤੇ ਸੇਵਾ ਨਿਭਾ ਰਹੇ ਹਨ ਵਿਭਾਗ ਦੀ ਰਿਸਟ੍ਰਕਚਰਿੰਗ ਵਿੱਚ ਇਹ ਅਸਾਮੀ ਖਤਮ ਹੋਣ ਕਾਰਨ ਪੋਸਟਿੰਗ ਲਈ ਉਪਲਬਧ ਹਨ ਦੀ ਤੈਨਾਤੀ ਉਪ ਮੰਡਲ ਨੰ:2, ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਗੜ੍ਹਸੰਕਰ ਵਿਖੇ ਖਾਲੀ ਥਾਂ ਤੇ ਕੀਤੀ ਜਾਂਦੀ ਹੈ।

2. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

3. ਇਹ ਹੁਕਮ ਤੁਰੰਤ ਲਾਗੂ ਹੋਣਗੇ।

ਅਨੁਰਾਗ ਵਰਮਾ, ਆਈ.ਏ.ਐਸ
ਪ੍ਰਮੁੱਖ ਸਕੱਤਰ , ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ (ਭ ਤੇ ਮ)

ਮਿਤੀ ਚੰਡੀਗੜ੍ਹ
22,ਜੂਨ 2022

ਪਿੰ:ਅੰ ਨੰ : 03/03/2022-4ਇਸ1/13384/ ਮਿਤੀ ਚੰਡੀਗੜ੍ਹ:- 27/6/22

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ, (ਹੈਡ ਕੁਆਟਰ ) ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ ਪਟਿਆਲਾ ਨੂੰ ਉਨ੍ਹਾਂ ਦੇ ਮੀਮੋ ਨੰ:4825 /ਅ-1, ਮਿਤੀ 09/06/2022 ਦੇ ਹਵਾਲੇ ਵਿੱਚ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜੇ ਜਾਂਦੇ ਹਨ।
2. ਮੁੱਖ ਇੰਜੀਨੀਅਰ (ਨੋਰਥ) ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ ਪਟਿਆਲਾ ।
3. ਡਿਪਟੀ ਡਾਇਰੈਕਟਰ ਪੀ.ਆਰ.ਬੀ.ਡੀ.ਬੀ ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ) ਮੋਹਾਲੀ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।
4. ਸ੍ਰੀ ਰਜਿੰਦਰ ਸਿੰਘ ਬੇਦੀ, ਉਪ ਮੰਡਲ ਇੰਜੀਨੀਅਰ, (ਮਾਰਫਤ ਮੁੱਖ ਇੰਜੀਨੀਅਰ ਹੈਡ ਕੁਆਟਰ ਪਟਿਆਲਾ)

ਸੁਪਰਡੰਟ

ਅੰਦਰੂਨੀ ਵੰਡ:-

1 .ਵਿਸੇਸ਼ ਸਕੱਤਰ /ਲੋਕ ਨਿਰਮਾਣ ਮੰਤਰੀ ਜੀ

2. ਨਿੱਜੀ ਸਕੱਤਰ/ ਪ੍ਰਮੁੱਖ ਸਕੱਤਰ, ਲੋਕ ਨਿਰਮਾਣ

3.ਨਿੱਜੀ ਸਹਾਇਕ/ਸਕੱਤਰ ਲੋਕ ਨਿਰਮਾਣ

4. ਸ.ਸ.ਸ./ਅਧੀਨ ਸਕੱਤਰ

From

Er. Inderjit Singh, PSE-I,
Superintending Engineer,
Construction Circle, PWD (B&R) Br;
Hoshiaprur.

To

The Principal Secretary to Govt. of Punjab,
Department of Public Works (Buildings & Roads) Br;
Chandigarh.

The Deputy Commissioner, Hoshiarpur.

The Additional Deputy Commissioner (Dev.), Hoshiarpur.

The Senior Superintendent of Police, Hoshiarpur.

The Chief Engineer (Head Quarter),
Punjab, PWD (Buildings & Roads) Br; Patiala.

The Chief Engineer (National Highways),
Punjab, PWD (Buildings & Roads) Br; Chandigarh.

The Chief Engineer (Constn. Circle Amritsar, Hoshiarpur & No.1 Patiala).
Punjab, PWD (Buildings & Roads) Br; Patiala.

The Chief Engineer (PMGSY),
Punjab, PWD (Buildings & Roads) Br; Patiala.

The Chief Engineer (Quality Assurance/Chief Vigilance Officer),
Punjab, PWD (Buildings & Roads) Br; Industrial Area, Phase-1, Mohali.

The Chief Engineer (PRBDB),
SCO 61-62, Phase-II, S.A.S. Nagar (Mohali).

The Additional Deputy Commissioner (Dev.), Hoshiarpur.

The Additional Deputy Commissioner (Gen.), Hoshiarpur.

All The Sub Divisional Magistrates, in Hoshiaprur District.

All The Superintending Engineers,
Punjab, PWD B&R Branch.

The Executive Engineer,
PWD B&R Br; Provl. Division, Constn. Divn. No.1/2,
Hoshiarpur and Constn. Divn.,Mukerian.

The District Treasury Officer, Hoshiarpur.

No.A-1/ 209-225 Date 10/06/2022.

**Subject:** **Taken over the Additional Charge as Superintending Engineer of Construction Circle, PWD B&R Br; Hoshiarpur.**

**Refrence:** The Chief Engineer (Head Quarter), Punjab PWD (B&R) Br; Patiala office order No.197/Es-1 dated 09.06.2022

It is to inform you that I, Inderjit Singh, Superitending Engineer, Construction Circle, PWD (B&R) Br; Amritsar has taken over the additional charge of Construction Circle, PWD (B&R) Br; Hoshiarpur. In this connection all correspondence/communication may be addressed to the undersigned.

DA/Nil.

(Er. Inderjit Singh)
Superintending Engineer, PSE-I,
Construction Circle, PWD (B&R) Br;
Hoshiarpur.

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜ੍ਹਕਾਂ - 1 ਸ਼ਾਖਾ)

## ਹੁਕਮ

ਮੁੱਖ ਇੰਜ਼ੀਨੀਅਰ (ਹੈ.ਕੁ), ਲੋਕ ਨਿਰਮਾਣ (ਭਤੇਮ) ਵਲੋਂ ਪੱਤਰ ਨੰ: 1326-28 ਮਿਤੀ 08.03.2022 ਰਾਹੀਂ ਕਾਰਜਕਾਰੀ ਇੰਜ਼ੀਨੀਅਰਾਂ (ਮਕੈਨੀਕਲ) ਦੀ ਟੈਂਟੇਟਿਵ ਸੀਨੀਆਰਤਾ ਸੂਚੀ ਸਬੰਧਤ ਅਧਿਕਾਰੀਆਂ ਨੂੰ ਭੇਜਦੇ ਹੋਏ ਇਸ ਸਬੰਧੀ ਇਤਰਾਜ ਮੰਗੇ ਗਏ ਸਨ। ਸਬੰਧਤ ਕਾਰਜਕਾਰੀ ਇੰਜ਼ੀਨੀਅਰਾਂ ਵਲੋਂ ਇਸ ਟੈਂਟੇਟਿਵ ਸੀਨੀਆਰਤਾ ਸੂਚੀ ਸਬੰਧੀ ਕੋਈ ਇਤਰਾਜ ਪੇਸ਼ ਨਹੀਂ ਕੀਤਾ ਗਿਆ ਹੈ। ਇਸ ਲਈ ਲੋਕ ਨਿਰਮਾਣ ਵਿਭਾਗ (ਭਤੇਮ) ਦੇ ਕਾਰਜਕਾਰੀ ਇੰਜ਼ੀਨੀਅਰਾਂ (ਮਕੈਨੀਕਲ) ਦੀ ਹੇਠ ਅਨੁਸਾਰ ਫਾਈਨਲ ਸੀਨੀਆਰਤਾ ਸੂਚੀ ਜਾਰੀ ਕੀਤੀ ਜਾਂਦੀ ਹੈ:-

| ਬਤੌਰ ਕਾਰਜਕਾਰੀ ਇੰਜ਼ੀਨੀਅਰ ਸੀਨੀਆਰਤਾ ਨੰ: | ਅਧਿਕਾਰੀ ਦਾ ਨਾਮ | ਜਨਮ ਮਿਤੀ / ਰਿਟਾਇਰਮੈਂਟ ਮਿਤੀ | ਬਤੌਰ ਜੇ.ਈ ਭਰਤੀ ਦੀ ਮਿਤੀ | ਬਤੌਰ ਉਪ ਮੰਡਲ ਇੰਜ਼ੀਨੀਅਰ ਭਰਤੀ/ਪਦਉਨਤੀ ਦੀ ਮਿਤੀ | ਬਤੌਰ ਕਾਰਜਕਾਰੀ ਇੰਜ਼ੀਨੀਅਰ ਪਦਉਨਤੀ ਦੀ ਮਿਤੀ | ਵਿਸ਼ੇਸ਼ ਕਥਨ |
|---|---|---|---|---|---|---|
| 1 | ਅਮਿਤ ਕੁਮਾਰ | 09.10.1972 / 31.10.2030 | 23.04.1998 | 26.09.2008 (ਪਦਉਨਤੀ ਰਾਹੀਂ) | 12.10.2017 | - |
| 2 | ਪਰਮਜੀਤ ਸਿੰਘ | 04.03.1984 / 31.03.2042 | ਨਿੱਲ | 05.07.2012 (ਸਿੱਧੀ ਭਰਤੀ) | 25.09.2020 | - |
| 3 | ਸੁਖਜਿੰਦਰ ਸਿੰਘ (ਅ.ਜ) | 15.12.1987 / 31.12.2045 | ਨਿੱਲ | 05.07.2012 (ਸਿੱਧੀ ਭਰਤੀ) | 25.09.2020 | ਅ.ਜਾਤੀ ਦੇ ਰਾਖਵੇਂ ਨੁਕਤੇ ਵਿਰੁਧ ਬਤੌਰ ਕਾ.ਇੰਜ: ਪਦਉਨਤ |

2. ਉਕਤ ਸੀਨੀਆਰਤਾ ਸੂਚੀ ਸਬੰਧੀ ਜੇਕਰ ਸਰਕਾਰ ਦੇ ਧਿਆਨ ਵਿੱਚ ਕੋਈ ਨਵੇਂ ਤੱਥ/ਹਦਾਇਤਾਂ/ਨਿਯਮ ਆਦਿ ਸਾਹਮਣੇ ਆਉਂਦੇ ਹਨ, ਤਾਂ ਇਸ ਵਿੱਚ ਸੋਧ ਕਰਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ।

3. ਜੇਕਰ ਮਾਨਯੋਗ ਸੁਪਰੀਮ ਕੋਰਟ/ਹਾਈਕੋਰਟ/ਅਦਾਲਤਾਂ ਵਲੋਂ ਕਿਸੇ ਕੇਸ ਵਿੱਚ ਦਿੱਤੇ ਗਏ ਫੈਸਲਾ ਦਾ ਪ੍ਰਭਾਵ ਇਸ ਸੀਨੀਆਰਤਾ ਸੂਚੀ ਤੇ ਹੋਵੇਗਾ ਤਾਂ ਉਹਨਾਂ ਹੁਕਮਾਂ ਅਨੁਸਾਰ ਇਸ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ।

4. ਇਹ ਸੀਨੀਆਰਤਾ ਸੂਚੀ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦੀ ਹੈ।

**ਮਿਤੀ, ਚੰਡੀਗੜ੍ਹ:**
**27.05.2022**

**ਅਨੁਰਾਗ ਵਰਮਾ, ਆਈ.ਏ.ਐਸ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

ਪਿ:ਅੰ:ਨੰ: 11/02/2022-ਇਸ1 (2)/916 - 918    ਮਿਤੀ, ਚੰਡੀਗੜ੍ਹ: 01/6/22

ਇਸਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜ਼ਨੀਅਰ (ਹੈੱ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ;
2) ਸਬੰਧਤ ਅਧਿਕਾਰੀ (ਮਾਰਫਤ: ਮੁੱਖ ਇੰਜ਼ਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮਾਂ ਦੀ ਕਾਪੀ ਸਬੰਧਤ ਅਧਿਕਾਰੀ ਨੂੰ ਪਹੁੰਚਾਉਣਾ ਯਕੀਨੀ ਬਣਾਉਣ।);
3) ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ, ਮੋਹਾਲੀ ਨੂੰ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕਰਨ ਹਿੱਤ;

ਉਪ ਸਕੱਤਰ, ਲੋਕ ਨਿਰਮਾਣ ਵਿਭਾਗ

351 175
8/6/22

FR
8/6/2022

DD(HF)
8/6/22

SA

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

ਅਧਿਸੂਚਨਾਂ

ਨੰ:05/12/2022-2ਇਸ1/ ਮਿਤੀ:

ਪੰਜਾਬ ਸਿਵ਼ਲ ਸੇਵ਼ਾਵਾਂ ਨਿਯਮਾਂਵਲੀ ਜਿਲਦ-1 ਭਾਗ-1 ਦੇ ਨਿਯਮ 3.26(ਏ) ਅਤੇ (ਬੀ) ਵਿੱਚ ਵਿੱਤ ਵਿਭਾਗ ਵਲੋਂ ਨੋਟੀਫਿਕੇਸ਼ਨ ਮਿਤੀ 02.03.2020 ਰਾਹੀਂ ਕੀਤੀ ਗਈ ਸੋਧ ਦੇ ਸਨਮੁੱਖ ਸ੍ਰੀ ਰਜਿੰਦਰ ਕੁਮਾਰ ਪੁੱਤਰ ਸ੍ਰੀ ਬਿਹਾਰੀ ਲਾਲ, ਕਾਰਜਕਾਰੀ ਇੰਜੀਨੀਅਰ (ਸਿਵਲ) ਨੂੰ 58 ਸਾਲ ਦੀ ਉਮਰ ਪੂਰੀ ਕਰਨ ਤੇ ਮਿਤੀ 31.05.2022 ਤੋਂ ਸੇਵਾ ਨਿਵਰਿਤ ਕੀਤਾ ਜਾਂਦਾ ਹੈ।

2. ਜੇਕਰ ਅਧਿਕਾਰੀ ਵਿਰੁਧ ਕੋਈ ਵਿਭਾਗੀ ਕਾਰਵਾਈ/ਚੋਕਸੀ ਕੇਸ ਆਦਿ ਦਾ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਅਧਿਕਾਰੀ ਦੇ ਰਿਟਾਇਰਮੈਂਟ ਦੇ ਇਹਨਾਂ ਹੁਕਮਾਂ ਦਾ ਉਸ ਵਿਰੁਧ ਲੰਬਿਤ ਕੇਸ ਤੇ ਕੋਈ ਪ੍ਰਭਾਵ ਨਹੀਂ ਹੋਵੇਗਾ ਅਤੇ ਜੇਕਰ ਅਧਿਕਾਰੀ ਦੋਸ਼ੀ ਪਾਇਆ ਜਾਂਦਾ ਹੈ ਤਾਂ ਨਿਯਮਾਂ ਅਨੁਸਾਰ ਉਸ ਵਿਰੁਧ ਕਾਰਵਾਈ ਕਰਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ।

3. ਇਸ ਤੋਂ ਇਲਾਵਾ ਜੇਕਰ ਅਧਿਕਾਰੀ ਵਿਰੁਧ ਸਰਕਾਰ ਦਾ ਕੋਈ ਬਕਾਇਆ ਆਦਿ ਲੰਬਿਤ ਹੋਵੇ ਤਾਂ ਉਸਨੂੰ ਰਿਕਵਰ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

**ਮਿਤੀ, ਚੰਡੀਗੜ੍ਹ:**
**31 ਮਈ, 2022**

**ਅਨੁਰਾਗ ਵਰਮਾ, ਆਈ.ਏ.ਐਸ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭਤੇਮ)**

ਇਸਦਾ ਇੱਕ ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾਂ ਆਉਣ ਵਾਲੇ ਅਗਲੇਰੇ ਪੰਜਾਬ ਸਰਕਾਰ ਦੇ ਆਮ ਗਜਟ ਵਿੱਚ ਪ੍ਰਕਾਸ਼ਤ ਕਰਨ ਦੀ ਕਿਰਪਾਤਲਾ ਕੀਤੀ ਜਾਵੇ ਅਤੇ ਇਸ ਦੀਆਂ 25 ਕਾਪੀਆਂ ਰਿਕਾਰਡ ਹਿੱਤ ਭੇਜੀਆਂ ਜਾਣ।

ਸੁਪਰਡੰਟ

ਪਿ.ਅੰ.ਨੰ:05/12/2022-2ਇਸ1/909-913 ਮਿਤੀ: 31-05-2022

ਇੱਕ ਉਤਾਰਾ ਹੇਠ ਦਰਸਾਇਆਂ ਨੂੰ ਸੂਚਨਾਂ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ;
2. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ;
3. ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭਤੇਮ ਸ਼ਾਖਾ), ਪਟਿਆਲਾ ਨੂੰ ਉਹਨਾਂ ਦੇ ਪੱਤਰ ਨੰ: 4291/ਅ-1 ਮਿਤੀ 18.05.2022 ਦੇ ਹਵਾਲੇ ਵਿੱਚ;
4. ਸਬੰਧਤ ਅਧਿਕਾਰੀ (ਮਾਰਫਤ: ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭਤੇਮ ਸ਼ਾਖਾ), ਪਟਿਆਲਾ;
5. ਸ੍ਰੀ ਕਰਮਜੀਤ ਸਿੰਘ, ਡਿਪਟੀ ਡਾਇਰੈਕਟਰ (ਪੀ.ਆਰ.ਬੀ.ਡੀ.ਬੀ), ਮੋਹਾਲੀ;

ਸੁਪਰਡੰਟ

FP
6/6/2022

349671
6-6-22

DD(IT)
6/6/22
Sys Analyst

File No: PWD-BR102/34/2022-4BR1

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜਕਾਂ -1 ਸ਼ਾਖਾ)

ਹੁਕਮ

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾਪੂਰਵਕ ਇੰਜੀ:ਕਰਨ ਮਿੱਤਲ, ਉਪ ਮੰਡਲ ਇੰਜੀਨੀਅਰ ਦਾ ਮਿਤੀ 25.02.2022 ਤੋਂ ਮਿਤੀ 07-03-2022 (11 ਦਿਨ) ਤੱਕ ਦੇ ਮਜਬੂਰਨ ਉਡੀਕ ਸਮੇਂ ਨੂੰ ਪੰਜਾਬ ਸਿਵਲ ਸੇਵਾਵਾਂ ਰੂਲਜ਼ ਨਿਯਮਾਂਵਲੀ ਜਿਲਦ-1, ਭਾਗ -1 ਦੇ ਨਿਯਮ 2.16 (ਬੀ) ਅਤੇ ਵਿੱਤ ਵਿਭਾਗ ਦੀਆਂ ਹਦਾਇਤਾਂ ਪੱਤਰ ਨੰ: 9/22/2011-2ਐਫ.ਪੀ2/664, ਮਿਤੀ 31.10.2011 ਅਧੀਨ. ਰੈਗੂਲਰਾਈਜ਼ ਕਰਦੇ ਹੋਏ ਇਸ ਪੀਰੀਅਡ ਦੀ ਤਨਖਾਹ ਮੁੱਖ ਦਫਤਰ ਪਟਿਆਲਾ ਤੋਂ ਡਰਾਅ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

ਅਨੁਰਾਗ ਵਰਮਾ, ਆਈ.ਏ.ਐਸ
ਪ੍ਰਮੁੱਖ ਸਕੱਤਰ , ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ (ਭ ਤੇ ਮ)

ਮਿਤੀ ਚੰਡੀਗੜ੍ਹ
23 ਮਈ,2022

ਅੰ:ਵਿ:ਪ:ਨੰ: PWD-BR102/34/2022-4BR1/882-884 ਮਿਤੀ ਚੰਡੀਗੜ੍ਹ:- 31/5/22

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ, ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਪਟਿਆਲਾ ਨੂੰ ਉਹਨਾਂ ਦੇ ਪੱਤਰ ਨੰ: 4196/ਅ-1,ਮਿਤੀ 16.05.2022 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਡਿਪਟੀ ਡਾਇਰੈਕਟਰ ਪੀ.ਆਰ.ਬੀ.ਡੀ.ਬੀ ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ) ਮੋਹਾਲੀ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।
3. ਇੰਜੀ: ਕਰਨ ਮਿੱਤਲ, ਉਪ ਮੰਡਲ ਇੰਜੀਨੀਅਰ (ਸਿਵਲ) (ਮਾਰਫਤ ਮੁੱਖ ਇੰਜੀਨੀਅਰ (ਹੈ:ਕ) ਪਟਿਆਲਾ)।

ਉਪ ਸਕੱਤਰ, ਲੋਕ ਨਿਰਮਾਣ
ਅਧਿਕ

354655
6/6/22
DD(IT)
6/6/22
Sys Analyst

FP
6/6/2022

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜ੍ਹਕਾਂ -1 ਸ਼ਾਖਾ)

**ਅਧਿਸੂਚਨਾਂ**

ਨੰ: PWD-BR105/8/2022-4BR1/ ਮਿਤੀ ਚੰਡੀਗੜ੍ਹ:-

ਪੰਜਾਬ ਸਿਵਲ ਸੇਵਾਵਾਂ, ਜਿਲਦ-1 ਦੇ ਨਿਯਮ 3.26 (ਏ) ਅਤੇ (ਬੀ) ਵਿੱਚ ਵਿੱਤ ਵਿਭਾਗ ਵੱਲੋ ਨੋਟੀਫਿਕੇਸ਼ਨ ਮਿਤੀ 02.03.2020 ਰਾਂਹੀ ਕੀਤੀ ਗਈ ਸੋਧ ਦੇ ਸਨਮੁੱਖ ਹੇਠ ਦਰਸਾਏ ਉਪ ਮੰਡਲ ਇੰਜੀਨੀਅਰ (ਸਿਵਲ) ਨੂੰ ਮਿਤੀ 31.05.2022 ਨੂੰ (ਬਾ:ਦੁ) ਤੋਂ ਸੇਵਾ ਨਿਵਰਤਾ ਕੀਤਾ ਜਾਂਦਾ ਹੈ:-

| ਲੜੀ ਨੰ: | ਅਧਿਕਾਰੀ ਦ ਨਾਮ ਅਤੇ ਅਹੁਦਾ | ਪਿਤਾ ਦਾ ਨਾਮ | ਵਿਸੇਸ਼ ਕਥਨ |
|---|---|---|---|
| 1 | ਸ੍ਰੀ ਤਰਲੋਚਨ ਸਿੰਘ ਉਪ ਮੰਡਲ ਇੰਜੀਨੀਅਰ | ਸ੍ਰੀ ਸੂਰਜੀਤ ਸਿੰਘ | 58 ਸਾਲ ਦੀ ਸੇਵਾ ਪੂਰੀ ਕਰਨ ਉਪਰੰਤ |

2. ਜੇਕਰ ਉਕਤ ਅਧਿਕਾਰੀ ਵਿਰੁੱਧ ਕੋਈ ਵਿਭਾਗੀ/ਚੌਕਸੀ ਪੜ੍ਹਤਾਲ ਜਾਂ ਮਿਸਲੇਨੀਅਸ ਐਡਵਾਂਸ ਰਕਮ ਆਦਿ ਦਾ ਕੇਸ ਲੰਬਿਤ ਹੋਵੇ ਤਾਂ ਉਸ ਤੇ ਇਹਨਾਂ ਰਿਟਾਇਰਮੈਂਟ ਦੇ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਸਬੰਧਤ ਅਧਿਕਾਰੀ ਵਿਰੁੱਧ ਕਾਰਵਾਈ ਜਾਰੀ ਰੱਖਣ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਅਧਿਕਾਰੀ ਵਿਰੁੱਧ ਸਰਕਾਰ ਦਾ ਕੋਈ ਬਕਾਇਆ ਆਦਿ ਲੰਬਿਤ ਹੋਵੇ ਤਾਂ ਉਸਨੂੰ ਰਿਕਵਰ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

ਅਨੁਰਾਗ ਵਰਮਾ, ਆਈ.ਏ.ਐਸ
ਪ੍ਰਮੁੱਖ ਸਕੱਤਰ , ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ (ਭ ਤੇ ਮ)

ਮਿਤੀ ਚੰਡੀਗੜ੍ਹ
19.ਮਈ 2022

ਨੰ:: PWD-BR105/8/2022-4BR1/ ਮਿਤੀ ਚੰਡੀਗੜ੍ਹ:-

ਇਸ ਦਾ ਇੱਕ ਉਤਾਰਾ ਕੰਟਰੋਲਰ ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਭੇਜਦੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾਂ ਆਉਣ ਵਾਲੇ ਅਗਲੇਰੇ ਪੰਜਾਬ ਸਰਕਾਰ ਦੇ ਆਮ ਗਜ਼ਟ ਵਿੱਚ ਛਾਪਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਇਸ ਦੀਆਂ 25 ਕਾਪੀਆਂ ਰਿਕਾਰਡ ਹਿੱਤ ਭੇਜੀਆਂ ਜਾਣ।

ਸੁਪਰਡੰਟ

ਨੰ: ਨੰ: PWD-BR105/8/2022-4BR1/855-857 ਮਿਤੀ ਚੰਡੀਗੜ੍ਹ:- 30/5/22

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ, ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਪਟਿਆਲਾ ਨੂੰ ਉਹਨਾਂ ਦੇ ਪੱਤਰ ਨੰ: 4101/ਅ-1,ਮਿਤੀ 13.05.2022 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਡਿਪਟੀ ਡਾਇਰੈਕਟਰ ਪੀ.ਆਰ.ਬੀ.ਡੀ.ਬੀ ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ) ਮੋਹਾਲੀ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।
3. ਸ੍ਰੀ ਤਰਲੋਚਨ ਸਿੰਘ ਪੁੱਤਰ ਸ੍ਰੀ ਸੂਰਜੀਤ ਸਿੰਘ , ਉਪ ਮੰਡਲ ਇੰਜੀਨੀਅਰ (ਮਾਰਫਤ ਮੁੱਖ ਇੰਜੀਨੀਅਰ (ਹੈ:ਕ) ਪਟਿਆਲਾ)।

ਸੁਪਰਡੰਟ